# ਕਾਰਜਕਾਰੀ ਸੰਖੇਪ

## 0.1. ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਸਾਹਿਬ ਜ਼ਾਦਾ ਅਜੀਤ ਸਿੰਘ ਨਗਰ ਵਿਖੇ ਆਧੁਨਿਕ ਰੂਪ ਰੇਖਾ ਦੇ ਨਾਲ ਵਿਸ਼ਵ ਪੱਧਰੀ ਸ਼ਹਿਰੀ ਯੋਜਨਾ ਅਤੇ ਵਿਕਾਸ ਦੇ ਕੰਮ ਵਿਚ ਕਾਰਜਰਤ ਹੈ। ਐਸ.ਏ.ਐਸ. ਨਗਰ ਅਤੇ ਨਿਊ ਚੰਡੀਗੜ੍ਹ ਦੀ ਯੋਜਨਾ ਖੇਤਰ ਵਿਚ ਘਰੇਲੂ ਕਲੋਨੀਆਂ ਦੇ ਨਾਲ-ਨਾਲ ਵਪਾਰਕ ਅਤੇ ਮਿਸ਼ਰਿਤ ਵਿਕਾਸ ਆਦਿ ਸ਼ਾਮਿਲ ਹਨ। ਗਮਾਡਾ ਨੇ ਪਹਿਲਾਂ ਤੋਂ ਹੀ ਈਕੋ ਸਿਟੀ ਫੇਜ਼ 1, ਮੈਡੀ ਸਿਟੀ ਫੇਜ਼ 1, ਈਕੋ ਸਿਟੀ ਫੇਜ਼ 2, ਮੈਡੀ ਸਿਟੀ ਫੇਜ਼ 2, ਐਰੋਸਿਟੀ, ਆਈ.ਟੀ.ਸਿਟੀ ਲਈ ਯੋਜਨਾ ਬੱਧ ਵਿਕਾਸ ਦੀ ਨੀਂਹ ਤਿਆਰ ਕਰ ਲਈ ਹੈ। ਇਹ ਸਾਰੀਆਂ ਸਕੀਮਾਂ ਇਸ ਸਮੇਂ ਮੁਕੰਮਲ ਹੋਣ ਉਪਰੰਤ ਵਿਕਸਿਤ ਹਨ। ਗਮਾਡਾ ਨੇ ਇਨਾਂ ਸ਼ਹਿਰੀ ਇਲਾਕਿਆਂ ਨੂੰ ਆਪਸੀ ਸੜਕਾਂ ਨਾਲ ਜੋੜਣ ਲਈ ਮਾਸਟਰ ਪਲੈਨ ਸੜਕਾਂ ਦੇ ਵਿਕਾਸ ਦੀ ਵੀ ਯੋਜਨਾ ਤਿਆਰ ਕੀਤੀ ਹੈ। ਇਹ ਸ਼ਹਿਰੀ ਖੇਤਰਾਂ ਵਿਚ ਆਉਣ ਵਾਲੀਆਂ ਮਾਸਟਰ ਪਲੈਨ ਸੜਕਾਂ ਦੇ ਵਿਕਾਸ ਲਈ ਜਮੀਨ ਗ੍ਰਹਿਣ ਦਾ ਕਾਰਜ ਲਗਭਗ ਪੂਰਾ ਹੋ ਚੁੱਕਾ ਹੈ ਜਦੋਂ ਕਿ ਇਹਨਾਂ ਸ਼ਹਿਰੀ ਇਲਾਕਿਆਂ ਦੇ ਆਲੇ-ਦੁਆਲੇ ਦੀਆਂ ਮਾਸਟਰ ਪਲੈਨ ਸੜਕਾਂ ਦੇ ਲਈ ਮੀਨ ਗ੍ਰਹਿਣ ਦੇ ਕਾਰਜ ਆਰੰਭ ਕੀਤਾ ਹੋਇਆ ਹੈ। ਇਹ ਸਕੀਮ ਜਿਸਦੀ ਰਿਪੋਰਟ ਤਿਆਰ ਕੀਤੀ ਗਈ ਹੈ ਮੈਸ. ਮਨੋਹਰ ਇੰਨਫਰਾਸਟ੍ਰਕਚਰ ਅਤੇ ਕੰਸਟ੍ਰਸਨ ਕੰਪਨੀ ਦੇ ਪ੍ਰੋਜੈਕਟ ਵਿੱਚ ਪੈਂਦੀ 100 ਫੁੱਟ ਚੌੜੀ ਸੜਕ ਵਿੱਚੋਂ ਕ੍ਰੀਟੀਕਲ ਰਕਬਾ ਜੋ ਕਿ ਪਿੰਡ ਮਸਤਗੜ੍ਹ ਹੈ ਪ੍ਰਾਪਤ ਕੀਤਾ ਜਾ ਰਿਹਾ ਹੈ। ਇਹ ਰਕਬਾ ਪਿੰਡ ਮਸਤਗੜ੍ਹ ਦੇ ਪ੍ਰਾਈਵੇਟ ਭੋਂ ਮਾਲਕਾਂ ਦਾ ਹੈ। ਇਸ ਸਕੀਮ ਦੀ ਨੋਟੀਫਿਕੇਸ਼ਨ ਸਰਕਾਰ ਵੱਲੋਂ ਮਿਤੀ 31.08.2021 ਨੂੰ ਜਾਰੀ ਕੀਤੀ ਗਈ ਹੈ।

## 0.2 ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ:-

ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ LARRA ACT, 2013 ਦੀ ਧਾਰਾ 16 ਦੇ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਸਕੀਮ ਹਿੱਤ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ।

i) ਮੱਰਦਮ ਸ਼ੁਮਾਰੀ ਸਰਵੇਖਣ (Census Survey): ਮਰਦਮ ਸ਼ੁਮਾਰੀ ਸਰਵੇ ਨਵੰਬਰ 2014 ਵਿੱਚ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (Alignment) ਅਤੇ ਜਮੀਨ ਦੇ ਸਮੁੱਚੇ ਸਰਵੇਖਣ ਕੀਤਾ ਗਿਆ। ਇਹ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ।

ii) ਜਮੀਨ ਦੇ ਮਾਲਕ ਨਾਲ ਵਿਚਾਰ ਵਟਾਂਦਰਾ ਅਤੇ ਜਨਤਕ ਸੁਣਵਾਈ: ਜਦੋਂ ਇਹ ਆਰ ਐਂਡ ਆਰ ਸਕੀਮ ਤਿਆਰ ਕੀਤੀ ਗਈ ਤਾਂ ਜੋ ਮੁੱਦਿਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਉਹ ਇਸ ਤਰ੍ਹਾਂ ਸਨ, ਪਿੰਡ ਦੇ ਪੱਧਰ ਤੇ ਅਤੇ ਨਿੱਜੀ ਤੌਰ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਪੇਂਡੂ ਸਤੱਰ ਉੱਤੇ ਮਹੱਤਵਪੂਰਨ ਮੁੱਦੇ (But not limited) ਵਿਚਾਰੇ ਗਏ। ਉਹਨਾਂ ਵਿੱਚੋਂ ਮੁੱਖ ਮੁੱਦੇ ਸਨ, ਭੋਂ ਪ੍ਰਾਪਤੀ ਦਾ ਲੋਕਾਂ ਦੇ ਜੀਵਨ ਨਿਰਵਾਹ ਉੱਤੇ ਪ੍ਰਭਾਵ, LARRA, 2013 Act ਤਹਿਤ ਮੁਆਵਜਾ, ਨਿਸ਼ਕਰਸ਼, ਸੁਝਾਅ ਅਤੇ ਜਨਤਕ ਰਾਏ ਤੇ ਆਰ ਐਂਡ ਆਰ ਸਕੀਮ ਬਾਰੇ ਵਿਚਾਰ ਵਟਾਂਦਰਾ

Scanned with CamScanner

ਕਰਨ ਲਈ ਮਿਤੀ 24.03.2022 ਨਿਸ਼ਚਿਤ ਕੀਤੀ ਗਈ ਸੀ, ਜਿਸ ਦੀ ਸੂਚਨਾ ਸਬੰਧਤ ਪੰਚਾਇਤਾਂ ਨੂੰ ਵੱਖ-ਵੱਖ ਪੱਤਰਾਂ ਰਾਹੀਂ ਦਿੱਤੀ ਗਈ ਸੀ। ਇਸ ਮਿੱਥੀ ਮਿਤੀ ਨੂੰ ਵੱਖ-ਵੱਖ ਪਿੰਡਾਂ ਦੇ ਖੇਵਟਦਾਰ ਨਿਸ਼ਚਿਤ ਕੀਤੇ ਸਥਾਨ ਪਿੰਡ ਮਸਤਗੜ੍ਹ ਵਿਖੇ ਹਾਜਰ ਹੋਏ ਅਤੇ ਉਹਨਾਂ ਨਾਲ ਆਰ.ਐਂਡ.ਆਰ. ਦੀ ਯੋਜਨਾ ਸਾਂਝੀ ਕੀਤੀ ਗਈ। ਜਨਤਕ ਸੁਣਵਾਈ ਦੀ ਕਾਰਵਾਈ ਦੀ ਰਿਪੋਰਟ ਨਾਲ ਨੱਥੀ ਹੈ। ਉਲੀਕੀ ਗਈ ਯੋਜਨਾ ਸਬੰਧੀ ਮਰਦਮ ਸ਼ੁਮਾਰੀ (Census Survey) ਦੇ ਨਿਸ਼ਕਰਸ਼ਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰਬਰ | ਵਸਤੂਆਂ ਦੇ ਵੇਰਵੇ | ਪ੍ਰਭਾਵ | ਆਰ ਐਂਡ ਆਰ ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1 | ਅਚੱਲ ਸੰਪਤੀ ਦੇ ਵੇਰਵੇ:-<br>ਕਈ ਨਹੀਂ ਹੈ। | | LARRA 2013 Act ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |
| 2(a) | ਜ਼ਮੀਨ ਦੇ ਖੁਸਣ ਨਾਲ ਰੋਜ਼ੀ ਰੋਟੀ ਦੇ ਸਾਧਨਾਂ ਦਾ ਖੁੰਸ ਜਾਣਾ। | ਜ਼ਮੀਨ ਦੇ ਨੁਕਸਾਨ ਕਰਕੇ ਰੋਜ਼ੀ ਰੋਟੀ ਦੇ ਸਾਧਨ ਪ੍ਰਭਾਵਿਤ ਹੋਣੇ ਹਨ। | ਹਰ ਇੱਕ ਪ੍ਰਭਾਵਿਤ ਪਰਿਵਾਰ ਨੂੰ ਪ੍ਰਸਤਾਵਿਤ ਪ੍ਰੋਜੈਕਟ ਰਾਹੀਂ ਆਰ ਐਂਡ ਆਰ ਤਹਿਤ 5,00,000/- ਰੁਪਏ ਦੀ ਮੱਦਦ ਦਿੱਤੀ ਜਾਵੇਗੀ। |
| 2(b) | ਬੇ-ਜ਼ਮੀਨੇ ਲੋਕ ਜਿਹਨਾਂ ਦੀ ਰੋਜ਼ੀ ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀਂ। | ਕੋਈ ਨਹੀਂ। |
| 3 | ਜਨਤਕ ਸਥਾਨਾਂ/ਸਰਕਾਰੀ ਇਮਾਰਤਾਂ ਦੀ ਗਿਣਤੀ | ਸਿੱਧੇ ਤੌਰ ਤੇ ਪ੍ਰਭਾਵਿਤ ਨਹੀਂ। | ---- |
| 4 | ਜਗ੍ਹਾ, ਸਥਾਨਾਂ ਅਤੇ ਮੁੱਢਲਿਆਂ ਸਹੂਲਤਾਂ ਦੇ ਵੇਰਵੇ। | ---- | ---- |
| 5 | ਸਾਂਝੀ ਸੰਪਤੀ ਦਾ ਵੇਰਵਾ | ਪ੍ਰਾਈਵੇਟ | ਜ਼ਮੀਨ ਉਪਰ ਸੜਕ ਬਣਨ ਨਾਲ ਜਰੂਰਤ ਦੀਆਂ ਚੀਜਾਂ ਤੱਕ ਪਹੁੰਚਣ ਦਾ ਸਤੱਰ ਉੱਚਾ ਹੋਣਾ। |
| 6 | ਪਲਾਟਾਂ ਦਾ ਐਕੁਜਿਸ਼ਨ ਤੋਂ ਬੱਚ ਗਿਆ ਕੁਝ ਹਿੱਸਾ ਜਾਂ ਪਲਾਟ ਦੇ ਮੱਧ ਵਿੱਚੋਂ ਐਕੁਜਿਸ਼ਨ ਹੋਣ ਕਾਰਣ ਆਸੇ-ਪਾਸੇ ਬੱਚੇ ਦੋ-ਫਾੜ ਟੁਕੜੀਆਂ ਵਾਲੀ ਜ਼ਮੀਨ। | | LARRA 2013 Act ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |

ਐਕਟ ਦੀ ਧਾਰਾ 16(2) ਤਹਿਤ ਉਲੀਕੀ ਗਈ ਸਕੀਮ ਵਿੱਚ ਸਰਕਾਰੀ ਇਮਾਰਤਾਂ ਅਤੇ ਜਨਤਕ ਸੰਪਤੀਆਂ ਦਾ ਵੇਰਵਾ ਪੁਨਰਵਾਸ ਟੇਬੀਏ ਵਿੱਚ ਦਿੱਤਾ ਜਾਵੇਗਾ। ਇਹ ਪ੍ਰੋਜੈਕਟ ਮਾਸਟਰ ਪਲੈਨ ਰੋਡ ਦਾ ਨਿਰਮਾਣ ਕਾਰਜ ਹੈ ਅਤੇ ਇਸ ਵਿੱਚ ਕਿਸੇ ਵੀ ਪ੍ਰਕਾਰ ਦੀ ਸਥਾਨਕ ਤਬਦੀਲੀ (Displacement) ਸ਼ਾਮਿਲ ਨਹੀਂ ਇਸ ਕਰਕੇ ਇਹ ਸਹੂਲਤਾਂ ਲੜੀਦੀਆਂ ਨਹੀਂ।

Scanned with CamScanner

# Timeline

| Sr. No. | Item | Date |
|---|---|---|
| 1 | SIA Notification | 03.06.2019 |
| 2 | Section 11 Notification | 31.08.2021 |
| 3 | Preparation of R&R scheme and hearing | 24.03.2022 |
| 4 | Approval of R&R Scheme by commissioner | April 2022 |
| 5 | Measurement of survey number | Parallel |
| 6 | Declaration of Section 19 | May 2022 |
| 7 | Determination of compensation under section 24 | Parallel |
| 8 | Hearing of claims U/s 21 | June 2022 |
| 9 | Announcement of Award | July 2022 |
| 10 | Taking Possession | July 2022 |

******

Scanned with CamScanner

# ਦਫ਼ਤਰ ਕਮਿਸ਼ਨਰ,ਰੂਪਨਗਰ ਮੰਡਲ,ਰੂਪਨਗਰ।

ਸੇਵਾ ਵਿਖੇ,

ਭੋ ਪ੍ਰਾਪਤੀ ਕੁਲੈਕਟਰ,
ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ,
ਐਸ.ਏ.ਐਸ ਨਗਰ।

ਪੱਤਰ ਨੰ: 319 ਐਲ.ਐਫ.ਏ ਮਿਤੀ: 12/07/2022

ਵਿਸ਼ਾ-: Acquisition/ Transfer of Critical Land Parcels falling Within Mega Residential Project of M/s Manohar Infrastructure and Construction Pvt. In Village- Mastgarh, Dhanouran and Mullanpur Garibdaas New Chandigarh Under the Right to Fair Compensation and Transparency in <u>Land Acquisition,Rehabilitation and Resettlement (LARRA) Act 2013.</u>

ਹਵਾਲਾ-: ਆਪ ਜੀ ਦੇ ਦਫਤਰ ਦੇ ਮੀਮੋਂ ਨੰ: **M.A/L.A.C/ 2022/ 7365** ਮਿਤੀ **20/04/2022** ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਮੰਗੀ ਗਈ ਸੈਕਸ਼ਨ 18 ਲਾਰਾ ਐਕਟ 2013 ਅਧੀਨ ਹੇਠ ਲਿਖੇ ਅਨੁਸਾਰ ਕਾਰਵਾਈ ਕਰਨ ਉਪਰੰਤ ਨਿਯਮਾਂ ਤੇ ਸ਼ਰਤਾਂ ਤਹਿਤ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. Besides above mentioned Rehabilitation and Resettlement Scheme,the plan should also Contain Scheme to map affected family's skill and education competency and the gap so identified be filled by suitable training modules, Thus the effected family members will have their skill or education Recapitalized so that they will get gainful employment.

2. Methods or formula of calculation of compensation of Land should be illustrated to the land owner and be given wide publicity.

ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ।

(ਤਰਸੇਮ ਲਾਲ) ਸੁਪਰਡੰਟ ਗਰੇਡ-1
ਵਾਂ: ਕਮਿਸ਼ਨਰ,ਰੂਪਨਗਰ ਮੰਡਲ,
ਰੂਪਨਗਰ।

ਪਿਠ ਅੰਕਣ ਨੰ: ਮਿਤੀ:

ਪੱਤਰ ਦਾ ਉਤਾਰਾ ਨਾਇਬ ਤਹਿਸੀਲਦਾਰ /ਏ.ਸੀ ਐਫ.ਏ ਦਫਤਰ ਭੋਂ ਪ੍ਰਾਪਤੀ ਕੁਲੈਕਟਰ ਅਤੇ ਟਿੱਲਾ ਕੰਸਲਟੇਟ ਦਫਤਰ ਭੋ ਪ੍ਰਾਪਤੀ ਕੁਲੈਕਟਰ ਦਫਤਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਤੁਰੰਤ ਲੋੜੀਂਦੀ ਕਾਰਵਾਈ ਕਰਦੇ ਹੋਏ ਸੂਚਨਾ ਸਬੰਧਤ ਦਫਤਰ ਨੂੰ ਮੁਹੱਈਆ ਕਰਵਾਈ ਜਾਵੇ ਜੀ।

ਸੁਪਰਡੰਟ ਦਫਤਰ ਭੋਂ ਪ੍ਰਾਪਤੀ ਕੁਲੈਕਟਰ

Scanned with CamScanner